# ਹੈਪਾਟਾਈਟਿਸ ਬੀ ਟੀਕਾਕਰਣ ਬਾਰੇ ਪ੍ਰਸ਼ਨ ਅਤੇ ਉਤਰ

***Questions & Answers (Q&A) about Hepatitis B Vaccination***

**ਪ੍ਰ: ਹੈਪਾਟਾਈਟਿਸ ਬੀ ਰੋਗ ਕੀ ਹੈ?**
ਉ: ਹੈਪਾਟਾਈਟਿਸ ਬੀ, ਵਾਇਰਸ ਨਾਲ ਹੋਣ ਵਾਲਾ ਇੱਕ ਅਜਿਹਾ ਰੋਗ ਹੈ, ਜੋ ਖ਼ੂਨ ਤੋਂ ਖ਼ੂਨ ਰਾਹੀਂ ਜਾਂ ਕਿਸੇ ਪੀੜਤ ਵਿਅਕਤੀ ਨਾਲ ਸੰਭੋਗ ਰਾਹੀਂ ਹੋ ਸਕਦਾ ਹੈ ਅਤੇ ਇਸ ਨਾਲ ਜਿਗਰ ਦੇ ਸੋਜ ਦਾ ਗੰਭੀਰ ਰੋਗ ਜਾਂ ਜਿਗਰ ਦਾ ਕੈਂਸਰ ਵੀ ਹੋ ਸਕਦਾ ਹੈ।

ਕੁੱਝ ਵਿਅਕਤੀਆਂ ਨੂੰ ਹੈਪਾਟਾਈਟਿਸ ਬੀ ਰੋਗ ਹੋ ਸਕਦਾ ਹੈ ਅਤੇ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਪਤਾ ਵੀ ਨਾ ਹੋਵੇ ਕਿ ਉਹ ਇਸ ਛੂਤ ਤੋਂ ਗ੍ਰਸਤ ਹੋ ਚੁੱਕੇ ਹਨ। ਅਜਿਹੇ ਵਿਅਕਤੀ ਇਸ ਰੋਗ ਦੀ ਛੂਤ ਦੂਜਿਆਂ ਨੂੰ ਵੀ ਲਾ ਸਕਦੇ ਹਨ।

**ਪ੍ਰ: ਹੈਪਾਟਾਈਟਿਸ ਬੀ ਕਿਵੇਂ ਫੈਲਦਾ ਹੈ?**
ਉ: ਹੈਪਾਟਾਈਟਿਸ ਬੀ ਇਨ੍ਹਾਂ ਦੁਆਰਾ ਫੈਲ ਸਕਦਾ ਹੈ :

- ਇੰਜੈਕਸ਼ਨ ਲਾਉਣ ਵਾਲੇ ਉਪਕਰਣ ਸਾਂਝੇ ਕਰਨ ਨਾਲ
- ਬਿਨਾਂ ਸਾਫ਼ ਕੀਤੇ ਉਪਕਰਣਾਂ ਨਾਲ ਟੈਟੂ ਖੁਣਵਾਉਣ ਜਾਂ ਸਰੀਰ ਗੁਦਵਾਉਣ ਨਾਲ
- ਸੂਈ ਨਾਲ ਹੋਏ ਜ਼ਖ਼ਮ
- ਅਸੁਰੱਖਿਅਤ ਸੰਭੋਗ
- ਛੂਤਗ੍ਰਸਤ ਮਾਂ ਤੋਂ ਉਸ ਦੇ ਬੱਚੇ ਨੂੰ ਉਸ ਦੇ ਜਨਮ ਵੇਲੇ ਅਤੇ ਮਾਂ ਦਾ ਦੁੱਧ ਪੀਣ ਨਾਲ
- ਬੱਚੇ ਤੋਂ ਬੱਚੇ ਨੂੰ, ਆਮ ਤੌਰ 'ਤੇ ਖੁੱਲ੍ਹੇ ਜ਼ਖ਼ਮਾਂ ਰਾਹੀ

**ਪ੍ਰ: ਕੀ ਮੇਰੇ ਬੱਚੇ ਦਾ ਟੀਕਾਕਰਣ ਕੀਤਾ ਜਾਣਾ ਚਾਹੀਦਾ ਹੈ?**
ਉ: ਨੈਸ਼ਨਲ ਹੈਲਥ ਐਂਡ ਮੈਡੀਕਲ ਰਿਸਰਚ ਕੌਂਸਲ ਦੀ ਸਿਫ਼ਾਰਸ਼ ਹੈ ਕਿ 10 ਤੋਂ 13 ਸਾਲ ਤੱਕ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਉਸ ਹਾਲਤ ਵਿੱਚ ਹੈਪਾਟਾਈਟਿਸ ਬੀ ਦਾ ਟੀਕਾਕਰਣ ਜ਼ਰੂਰੀ ਹੈ ਜਦ ਤੱਕ ਕਿ ਉਨ੍ਹਾਂ ਨੇ ਪਹਿਲਾਂ ਹੀ ਵੈਕਸੀਨ ਦਾ ਇੱਕ ਕੋਰਸ ਪੂਰਾ ਨਾ ਕੀਤਾ ਹੋਵੇ। *ਜਦ ਤੱਕ ਕਿ ਉਨ੍ਹਾਂ ਨੇ ਪਹਿਲਾਂ ਹੀ ਵੈਕਸੀਨ ਦਾ ਇੱਕ ਕੋਰਸ ਪੂਰਾ ਨਾ ਕੀਤਾ ਹੋਵੇ।*

**ਪ੍ਰ: ਇਸ ਕੋਰਸ ਲਈ ਕਿੰਨੀਆਂ ਖ਼ੁਰਾਕਾਂ ਲੋੜੀਂਦੀਆਂ ਹਨ?**
ਉ: ਹੈਪਾਟਾਈਟਿਸ ਬੀ ਵੈਕਸੀਨ (ਬਾਲਗ ਤਿਆਰੀ) 2-ਖ਼ੁਰਾਕਾਂ ਦੇ ਕੋਰਸ ਵਿੱਚ ਦੇਣੀ ਹੋਵੇਗੀ। ਇਸ ਵਿੱਚ ਦੂਜੀ ਖ਼ੁਰਾਕ, ਪਹਿਲੀ ਖ਼ੁਰਾਕ ਦੇ ਚਾਰ ਤੋਂ ਛੇ ਮਹੀਨਿਆਂ ਮਗਰੋਂ ਦੇਣੀ ਹੋਵੇਗੀ।

**ਪ੍ਰ: ਇਸ ਵੈਕਸੀਨ ਦੇ ਕਿਹੜੇ-ਕਿਹੜੇ ਤੱਤ ਹਨ?**
ਉ: ਇਸ ਵੈਕਸੀਨ ਵਿੱਚ ਹੈਪਾਟਾਈਟਿਸ ਬੀ ਪ੍ਰੋਟੀਨ, ਐਲੂਮੀਨੀਅਮ ਹਾਈਡ੍ਰਾਕਸਾਈਡ ਅਤੇ ਖ਼ਮੀਰ ਹਨ।

**ਪ੍ਰ: ਹੈਪਾਟਾਈਟਿਸ ਬੀ ਵੈਕਸੀਨ ਦੇ ਮਾੜੇ ਪ੍ਰਭਾਵ ਕੀ ਹਨ?**
ਉ: ਇਸ ਦੇ ਮਾੜੇ ਪ੍ਰਭਾਵ ਨਾਮਾਤਰ ਹਨ ਅਤੇ ਇਸ ਨਾਲ ਟੀਕੇ ਵਾਲੀ ਥਾਂ ਸੋਜ਼ਿਸ਼ (5%), ਹਲਕਾ ਬੁਖ਼ਾਰ (2-3%), ਜੀਅ ਮਿਤਲਾਉਣਾ, ਜੀਅ ਕੱਚਾ ਹੋਣਾ, ਪੱਠਿਆਂ ਅਤੇ ਜੋੜਾਂ ਵਿੱਚ ਦਰਦ ਹੋ ਸਕਦਾ ਹੈ।

**ਪ੍ਰ: "ਐਨਾਫਿਲੈਕਸਿਸ" ਕੀ ਹੈ?**
ਉ: "ਐਨਾਫਿਲੈਕਸਿਸ" ਇੱਕ ਅਜਿਹਾ ਗੰਭੀਰ ਐਲਰਜਿਕ ਰੀਐਕਸ਼ਨ ਹੈ ਕਿ ਜੇ ਇਸ ਦਾ ਤੁਰੰਤ ਇਲਾਜ ਨਾ ਕੀਤਾ ਜਾਵੇ ਤਾਂ ਇਸ ਕਾਰਨ ਬੇਹੋਸ਼ੀ ਅਤੇ ਉਸ ਤੋਂ ਮਗਰੋਂ ਮੌਤ ਤੱਕ ਹੋ ਸਕਦੀ ਹੈ। ਟੀਕਾਕਰਣ ਤੋਂ ਬਾਅਦ ਅਜਿਹਾ ਬਹੁਤ ਹੀ ਘੱਟ ਵੇਖਣ ਨੂੰ ਮਿਲਦਾ ਹੈ। ਨਰਸਾਂ ਨੂੰ ਐਨਾਫਿਲੈਕਸਿਸ ਦੇ ਇਲਾਜ ਦੀ ਪੂਰੀ ਸਿਖਲਾਈ ਮਿਲੀ ਹੁੰਦੀ ਹੈ।

**ਪ੍ਰ: ਇਸ ਵੈਕਸੀਨ ਦਾ ਕੋਰਸ ਕਿੰਨੀ ਦੇਰ ਰਹਿੰਦਾ ਹੈ ਅਤੇ ਬੂਸਟਰ ਖ਼ੁਰਾਕਾਂ ਕਿੰਨੀਆਂ ਕੁ ਜ਼ਰੂਰੀ ਹਨ?**
ਉ: ਹੈਪਾਟਾਈਟਿਸ ਬੀ ਵੈਕਸੀਨ ਦਾ ਕੋਰਸ ਬਹੁਤ ਲੰਮਾ ਸਮਾਂ ਸੁਰੱਖਿਆ ਪ੍ਰਦਾਨ ਕਰਦਾ ਹੈ ਅਤੇ ਬੂਸਟਰ ਖ਼ੁਰਾਕਾਂ ਦੀ ਲੋੜ ਨਹੀਂ ਹੁੰਦੀ।

**ਪ੍ਰ: ਕੀ ਮੇਰਾ ਬੱਚਾ/ਬੱਚੀ ਤੋਂ ਹੈਪਾਟਾਈਟਿਸ ਬੀ ਤੋਂ ਸੁਰੱਖਿਅਤ ਰਹੇਗਾ ਜੇ ਉਸ ਨੇ ਹੈਪਾਟਾਈਟਿਸ ਬੀ ਵੈਕਸੀਨ ਦੀ ਕੇਵਲ ਇੱਕੋ ਖ਼ੁਰਾਕ ਲਈ ਹੈ?**
ਉ: ਨਹੀਂ, ਹੈਪਾਟਾਈਟਿਸ ਬੀ ਤੋਂ ਸੁਰੱਖਿਆ ਲਈ ਅੱਲੜ੍ਹ ਉਮਰ ਦੇ ਬੱਚਿਆਂ ਨੂੰ ਇਸ ਵੈਕਸੀਨ ਦੀਆਂ ਦੋ ਬਾਲਗ ਖ਼ੁਰਾਕਾਂ ਦੀ ਲੋੜ ਹੁੰਦੀ ਹੈ।

**ਪ੍ਰ: ਮੈਂ ਕੀ ਕਰਾਂ ਜੇ ਮੇਰੇ ਕੋਲ ਕੋਈ ਰਿਕਾਰਡ ਹੀ ਨਾ ਹੋਵੇ ਜਾਂ ਮੈਨੂੰ ਯਾਦ ਹੀ ਨਾ ਹੋਵੇ ਕਿ ਕੀ ਮੇਰੇ ਬੱਚੇ ਨੂੰ ਪਹਿਲਾਂ ਹੈਪਾਟਾਈਟਿਸ ਬੀ ਦੇ ਟੀਕਿਆਂ ਦਾ ਕੋਰਸ ਪੂਰਾ ਹੋ ਚੁੱਕਾ ਹੈ ਜਾਂ ਨਹੀਂ?**
ਉ: ਅਜਿਹੇ ਮਾਮਲੇ 'ਚ ਸੁਰੱਖਿਆ ਇਸੇ ਵਿੱਚ ਹੀ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਹੈਪਾਟਾਈਟਿਸ ਬੀ ਵੈਕਸੀਨ ਦਾ ਇੱਕ ਹੋਰ ਕੋਰਸ ਕਰਵਾਓ।

**ਪ੍ਰ: ਮੇਰੇ ਬੱਚੇ ਨੇ ਪਹਿਲਾਂ ਹੀ ਹੈਪਾਟਾਈਟਿਸ ਬੀ ਦੇ ਟੀਕਿਆਂ ਦਾ ਤਿੰਨ ਖ਼ੁਰਾਕਾਂ ਵਾਲਾ ਕੋਰਸ ਪੂਰਾ ਕੀਤਾ ਹੋਇਆ ਹੈ। ਕੀ ਉਸ ਨੂੰ ਇੱਕ ਹੋਰ ਖ਼ੁਰਾਕ ਦੀ ਜ਼ਰੂਰਤ ਹੈ?**
ਉ: ਨਹੀਂ। ਇਸ ਵੈਕਸੀਨ ਦੇ ਇੱਕੋ ਕੋਰਸ ਦੀ ਲੋੜ ਹੁੰਦੀ ਹੈ।

**ਪ੍ਰ: ਮੇਰੇ ਬੱਚੇ ਨੇ ੍ਹਬਿ ਵੈਕਸੀਨ ਲਈ ਹੋਈ ਹੈ। ਕੀ ਇਹ ਮੇਰੇ ਬੱਚੇ ਦੀ ਹੈਪਾਟਾਈਟਿਸ ਬੀ ਤੋਂ ਸੁਰੱਖਿਆ ਕਰੇਗੀ?**
ਉ: ਨਹੀਂ। Hib ਵੈਕਸੀਨ *ਹੈਮੋਫਿਲਸ ਇਨਫਲੂਏਂਜ਼ਾ* ਪ੍ਰਕਾਰ ਬੀ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ, ਇਸੇ ਲਈ ਇਹ ਤੁਹਾਡੇ ਬੱਚੇ ਨੂੰ ਹੈਪਾਟਾਈਟਿਸ ਬੀ ਤੋਂ ਸੁਰੱਖਿਆ ਪ੍ਰਦਾਨ ਨਹੀਂ ਕਰੇਗੀ।

**ਪ੍ਰ: ਮੈਂ ਕੀ ਕਰ ਸਕਦਾ/ਸਕਦੀ ਹਾਂ, ਜੇ ਮੈਂ ਆਪਣੇ ਬੱਚੇ ਨੂੰ ਸਕੂਲ ਵਿੱਚ ਇਹ ਟੀਕਾਕਰਣ ਨਾ ਕਰਵਾਉਣਾ ਚਾਹਾਂ ਜਾਂ ਜਿਸ ਦਿਨ ਨਰਸਾਂ ਸਕੂਲ ਆਈਆਂ ਹੋਣ, ਉਸ ਦਿਨ ਜੇ ਮੇਰਾ ਬੱਚਾ ਬਿਮਾਰੀ ਕਾਰਨ ਜਾਂ ਕਿਸੇ ਹੋਰ ਕਾਰਨ ਕਰੇ ਸਕੂਲ ਵਿਚੋਂ ਗ਼ੈਰਹਾਜ਼ਰ ਰਿਹਾ ਹੋਵੇ?**
ਉ: ਤੁਸੀਂ ਆਪਣੇ ਬੱਚੇ ਨੂੰ 6 ਮਹੀਨਿਆਂ ਦੇ ਸਮੇਂ ਅੰਦਰ ਵੈਕਸੀਨਜ਼ (ਬਾਲ ਤਿਆਰੀ) ਦੀਆਂ ਤਿੰਨ ਖ਼ੁਰਾਕਾਂ ਦੇ ਕੋਰਸ ਲਈ ਆਪਣੇ ਜੀ ਪੀ ਕੋਲ ਲਿਜਾ ਸਕਦੇ ਹੋ।

**ਪ੍ਰ: ਕੀ ਇਸ ਮੁਹਿੰਮ ਲਈ ਟੀਕਾਕਰਣ ਲਾਜ਼ਮੀ ਹੈ?**

ਉ: ਨਹੀਂ। ਇਹ ਮਾਪਿਆਂ ਦੀ ਮਰਜ਼ੀ ਹੈ ਕਿ ਉਹ ਇਸ ਸਹਿਮਤੀ ਫਾਰਮ ਉਤੇ ਹਸਤਾਖਰ ਕਰਨੇ ਚਾਹੁਣ ਜਾਂ ਨਾਂ, ਅਤੇ ਆਪਣੇ ਬੱਚੇ ਦਾ ਟੀਕਾਕਰਣ ਕਰਵਾਉਣ ਜਾਂ ਨਾਂ । ਸਿਰਫ਼ ਉਨ੍ਹਾਂ ਬੱਚਿਆਂ ਦਾ ਟੀਕਾਕਰਣ ਹੋਵੇਗਾ ਜਿਨ੍ਹਾਂ ਦਾ ਸਹਿਮਤੀ ਫਾਰਮ ਪੂਰੀ ਤਰ੍ਹਾਂ ਭਰਿਆ ਹੋਵੇਗਾ ਅਤੇ ਉਸ ਉ'ਤੇ ਹਸਤਾਖਰ ਕੀਤੇ ਗਏ ਹੋਣ। ਫਿਰ ਵੀ, ਸਾਰੇ ਮਾਪਿਆਂ/ਸਰਪ੍ਰਸਤਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇੱਥੇ ਦਿੱਤੀ ਜਾਣਕਾਰੀ ਨੂੰ ਪੜ੍ਹ ਲੈਣ ਅਤੇ ਇਸ ਸਹਿਮਤੀ ਫਾਰਮ, ਹਸਤਾਖਰਾਂ ਨਾਲ ਅਤੇ ਬਿਨਾਂ ਹਸਤਾਖਰਾਂ ਦੇ, ਸਕੂਲ ਨੂੰ ਵਾਪਸ ਭੇਜ ਦੇਣ ਤਾਂ ਜੋ ਅਸੀਂ ਇਹ ਯਕੀਨੀ ਬਣਾ ਸਕੀਏ ਕਿ ਸਾਰੇ *ਮਾਪਿਆਂ/ਸਰਪ੍ਰਸਤਾਂ ਨੇ ਮਾਪਿਆਂ ਨੂੰ ਜਾਣਕਾਰੀ ਵਾਲੀ ਕਿਟ* ਹਾਸਲ ਕਰ ਲਈ ਹੈ ਅਤੇ ਉਨ੍ਹਾਂ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਮੌਕਾ ਦਿੱਤਾ ਗਿਆ ਹੈ।

**ਪ੍ਰ: ਕਲੀਨਿਕ ਵਾਲੇ ਦਿਨ ਸਕੂਲ ਜਾਣ ਲੱਗੇ ਕੀ ਮੈਨੂੰ ਆਪਣੇ ਬੱਚੇ ਨੂੰ ਪੈਰਾਸੀਟਾਮੋਲ ਦੀ ਖ਼ੁਰਾਕ ਦੇਣੀ ਚਾਹੀਦੀ ਹੈ?**

ਉ: ਨਹੀਂ। ਇਹ ਜ਼ਰੂਰੀ ਨਹੀਂ ਹੈ।

**ਪ੍ਰ: ਕੀ ਕੀਤਾ ਜਾਵੇ ਜੇ ਮੇਰੇ ਬੱਚੇ ਨੂੰ ਦਮੇ ਦਾ ਰੋਗ ਹੈ ਅਤੇ ਉਹ "ਪਫ਼ਰ" ਰਾਹੀਂ ਕੌਰਟੀਜ਼ੋਨ ਜਾਂ ਪ੍ਰੈਡਨੀਸੋਨ ਲੈਂਦਾ ਹੈ?**

ਉ: ਜੇ ਬੱਚੇ ਦਮਾ ਰੋਗ ਲਈ "ਪਫ਼ਰ" ਦੀ ਵਰਤੋਂ ਕਰਦੇ ਹਨ ਤਾਂ ਵੀ ਹੈਪਾਟਾਈਟਿਸ ਬੀ ਦੀ ਵੈਕਸੀਨ ਦਾ ਟੀਕਾਕਰਣ ਉਨ੍ਹਾਂ ਲਈ ਸੁਰੱਖਿਅਤ ਹੈ।

**ਪ੍ਰ: ਕੀ ਇੱਕ ਅਜਿਹੀ ਮੁਟਿਆਰ ਨੂੰ ਵੈਕਸੀਨ ਦਿੱਤੀ ਜਾਣੀ ਚਾਹੀਦੀ ਹੈ ਜੋ ਇਹ ਸੋਚੇ ਕਿ ਉਹ ਗਰਭਵਤੀ ਹੈ ਅਤੇ ਜਾਂ ਸੱਚਮੁਚ ਹੀ ਗਰਭਵਤੀ ਹੋਵੇ?**

ਉ: ਨਹੀਂ, ਜੇ ਕੋਈ ਮੁਟਿਆਰ ਇੰਝ ਸੋਚਦੀ ਹੋਵੇ ਕਿ ਉਹ ਗਰਭਵਤੀ ਹੋਵੇ ਜਾਂ ਸੱਚਮੁਚ ਅਜਿਹਾ ਹੋਵੇ ਤਾਂ ਉਸ ਦਾ ਟੀਕਾਕਰਣ ਨਹੀਂ ਕੀਤਾ ਜਾਣਾ ਚਾਹੀਦਾ।

**ਪ੍ਰ: ਕੀ ਹੋਮਿਓਪੈਥਿਕ ਦਵਾਈਆਂ ਹੈਪਾਟਾਈਟਿਸ ਬੀ ਤੋਂ ਬਚਾਅ ਕਰਦੀਆਂ ਹਨ?**

ਉ: ਨਹੀਂ। ਅਜਿਹਾ ਕੋਈ ਸਬੂਤ ਮੌਜੂਦ ਨਹੀਂ ਹੈ ਕਿ ਹੋਮਿਓਪੈਥਿਕ ਦਵਾਈਆਂ ਹੈਪਾਟਾਈਟਿਸ ਬੀ ਰੋਗ ਤੋਂ ਰੋਕਥਾਮ ਕਰਦੀਆਂ ਹੋਣ।

**ਪ੍ਰ: ਕੀ ਮੇਰੇ ਬੱਚੇ ਨੂੰ ਮਿਲਣ ਵਾਲੀਆਂ ਵੈਕਸੀਨੇਸ਼ਨਜ਼ ਦਾ ਕੋਈ ਰਿਕਾਰਡ ਮਿਲੇਗਾ?**

ਉ: ਤੁਹਾਡੇ ਬੱਚੇ ਨੂੰ ਪਹਿਲੀ ਖ਼ੁਰਾਕ ਮਗਰੋਂ ਇੱਕ ਰਿਕਾਰਡ ਦਿੱਤਾ ਜਾਵੇਗਾ ਅਤੇ ਦੂਜੀ ਖ਼ੁਰਾਕ ਮਗਰੋਂ ਇੱਕ ਹੋਰ ਰਿਕਾਰਡ ਦਿੱਤਾ ਜਾਵੇਗਾ। ਇਹ ਗੱਲ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਜੀ ਪੀ ਨੂੰ ਸਲਾਹ ਦੇਵੋਂ ਕਿ ਇਹ ਟੀਕਾਕਰਣ ਦਿੱਤੇ ਜਾ ਚੁੱਕੇ ਹਨ, ਕਿਉਂਕਿ **ਯੂਨੀਵਰਸਿਟੀਆਂ, ਕਾਲਜਾਂ, ਕੰਮ-ਕਾਰ ਵਾਲੇ ਸਥਾਨਾਂ ਅਤੇ ਹੋਰਨਾਂ ਦੇਸ਼ਾਂ ਨੂੰਅਕਸਰ ਇਸ ਜਾਣਕਾਰੀ ਦੀ ਜ਼ਰੂਰਤ ਹੁੰਦੀ ਹੈ।**

ਕ੍ਰਿਪਾ ਕਰਕੇ ਇਸ ਰਿਕਾਰਡ ਨੂੰ ਭਵਿੱਖ ਵਿੱਚ ਹਵਾਲੇ ਲਈ ਕਿਸੇ ਸੁਰੱਖਿਅਤ ਥਾਂ ਉਤੇ ਰੱਖੋ।

**ਪ੍ਰ: ਟੀਕਾਕਰਣ ਬਾਰੇ ਹੋਰ ਜਾਣਕਾਰੀ ਮੈਨੂੰ ਕਿਥੋਂ ਮਿਲ ਸਕਦੀ ਹੈ?**

ਉ: ਆਸਟਰੇਲੀਅਨ *ਇਮਯੂਨਾਈਜ਼ੇਸ਼ਨ ਹੈਂਡਬੁੱਕ* (ਤਾਜ਼ਾ ਸੰਸਕਰਣ) ਇਸ ਟੀਕਾਕਰਣ ਬਾਰੇ ਵਿਸਥਾਰਪੂਰਬਕ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ। ਇਹ www.immunise.health.gov.au ਤੋਂ ਮਿਲ ਸਕਦੀ ਹੈ।

**ਪ੍ਰ: ਮੈਂ ਕਿਸ ਨਾਲ ਸੰਪਰਕ ਕਰਾਂ ਜੇ ਮੈਨੂੰ ਹੋਰ ਜਾਣਕਾਰੀ ਹਾਸਲ ਕਰਨ ਦੀ ਤਾਂਘ ਹੋਵੇ?**

ਉ: ਆਪਣੀ ਸਥਾਨਕ ਜਨ ਸਿਹਤ ਇਕਾਈ ਨਾਲ ਇੱਥੇ ਸੰਪਰਕ ਕਰੋ :

**Greater Southern** (ਗ੍ਰੇਟਰ ਸਦਰਨ)
(02) 6124 9942 ਜਾਂ (02) 6021 4799
ਕਿਯੂਨਬੇਯਨ ਦਫ਼ਤਰ — ਅਲਬਰੀ ਦਫ਼ਤਰ

**Greater Western** (ਗ੍ਰੇਟਰ ਵੈਸਟਰਨ)
(02) 6339 5601 ਜਾਂ (02) 6841 5569
ਬਾਥਹਸਟ ਦਫ਼ਤਰ — ਡੂਬੋ ਦਫ਼ਤਰ
(08) 8080 1499
ਬਰੋਕਨ ਹਿਲ ਦਫ਼ਤਰ

**Hunter New England** (ਹੰਟਰ ਅਤੇ ਨਿਊ ਇੰਗਲੈਂਡ)
(02) 4924 6477 ਜਾਂ (02) 6767 8630
ਨਿਊ ਕਾਸਲ ਦਫ਼ਤਰ — ਟੈਮਵਰਥ ਦਫ਼ਤਰ

**North Coast** (ਨਾਰਥ ਕੋਸਟ)
(02) 6588 2750 ਜਾਂ (02) 6620 7500
ਪੋਰਟ ਮਕਵਾਰੀ ਦਫ਼ਤਰ — ਲਿਸਮੋਰ ਦਫ਼ਤਰ

**Northern Sydney & Central Coast**
(ਉਤਰੀ ਸਿਡਨੀ ਅਤੇ ਸੈਂਟਰਲ ਕੋਸਟ)
(02) 9477 9400 ਜਾਂ (02) 4349 4845
ਹੌਰਨਸਬੀ ਦਫ਼ਤਰ — ਗ਼ੌਸਫੋਰਡ ਦਫ਼ਤਰ

**South Eastern Sydney & Illawarra**
(ਦੱਖਣੀ ਪੂਰਬੀ ਸਿਡਨੀ ਅਤੇ ਇਲਾਵਾਰਾ)
(02) 9382 8333 ਜਾਂ (02) 4221 6700
ਰੈਂਡਵਿਕ ਦਫ਼ਤਰ — ਵੂਲਨਗੌਂਗ ਦਫ਼ਤਰ

**Sydney South West** (ਦੱਖਣ ਪੱਛਮੀ ਸਿਡਨੀ)
(02) 9828 5944 ਜਾਂ (02) 9515 9420
ਲਿਵਰਪੂਲ ਦਫ਼ਤਰ — ਕੈਂਪਰਡਾਊਨ ਦਫ਼ਤਰ

**Sydney West** (ਪੱਛਮੀ ਸਿਡਨੀ)
(02) 9840 3603 ਜਾਂ (02) 4734 2022
ਪੈਰਾਮਾਟਾ ਦਫ਼ਤਰ — ਪੈਨਰਿਥ ਦਫ਼ਤਰ

**ਜਾਂ ਵੇਖੋ:** www.health.nsw.gov.au

## ਹੈਪੇਟਾਇਟਿਸ ਬੀ ਰੋਗ ਬਾਰੇ ਜਾਣਕਾਰੀ

ਹੈਪੇਟਾਇਟਿਸ ਬੀ ਵਾਇਰਸ ਆਮ ਤੌਰ ਉਤੇ ਛੂਤ ਤੋਂ ਗ੍ਰਸਤ ਵਿਅਕਤੀ ਦੇ ਲਹੂ ਰਾਹੀਂ ਜਾਂ ਜਨਮ ਵੇਲੇ ਮਾਂ ਤੋਂ ਬੱਚੇ ਤੱਕ ਫੈਲਦਾ ਹੈ। ਇਹ ਵਾਇਰਸ ਅਸੁਰੱਖਿਅਤ ਸੰਭੋਗ, ਨਸ਼ਿਆਂ ਦੇ ਟੀਕੇ ਵਰਤਣ, ਟੈਟੂ ਬਣਵਾਉਣ ਜਾਂ ਸਰੀਰ ਨੂੰ ਖੁਣਵਾਉਣ ਰਾਹੀਂ ਵੀ ਫੈਲ ਸਕਦਾ ਹੈ। ਹੈਪੇਟਾਇਟਿਸ ਬੀ ਦੇ, 4 ਪੁਰਾਣੇ ਰੋਗੀਆਂ ਵਿੱਚੋਂ ਲਗਭਗ 1 ਰੋਗੀ ਵਿੱਚ ਸਿਰੌਸਿਸ ਜਾਂ ਜਿਗਰ ਦੇ ਕੈਂਸਰ ਦਾ ਰੋਗ ਵਿਕਸਤ ਹੋ ਸਕਦਾ ਹੈ।

## ਹੈਪੇਟਾਇਟਿਸ ਬੀ ਵੈਕਸੀਨ ਦੇ ਮਾੜੇ ਪ੍ਰਭਾਵ

ਹੈਪੇਟਾਇਟਿਸ ਬੀ ਵੈਕਸੀਨ ਦੇ ਮਾੜੇ ਪ੍ਰਭਾਵ ਥੋੜੇ ਦਿਨ੍ਹਾਂ ਲਈ ਅਤੇ ਬਿਲਕੁਲ ਮਾਮੂਲੀ ਹੁੰਦੇ ਹਨ। ਇਸ ਨਾਲ ਟੀਕੇ (ਇੰਜੈਕਸ਼ਨ) ਵਾਲੀ ਥਾਂ ਉਤੇ ਸੋਜ, ਹਲਕਾ ਬੁਖਾਰ, ਜੀਅ ਮਿਤਲਾਣਾ, ਚੱਕਰ, ਪੱਠੇ ਅਤੇ ਜੋੜਾਂ ਵਿੱਚ ਦਰਦ ਆਦਿ ਹੋ ਸਕਦਾ ਹੈ ।

ਬਹੁਤ ਮਾੜੇ ਪ੍ਰਭਾਵ (ਜਿਵੇਂ ਐਨਾਫਿਲੈਕਸਿਸ) ਬਹੁਤ ਹੀ ਘੱਟ ਹੁੰਦੇ ਹਨ ।

## ਪ੍ਰਤੀਕਰਮ (ਰੀਐਕਸ਼ਨ) ਹੋਣ ਉਤੇ ਕੀ ਕੀਤਾ ਜਾਵੇ

ਦੁਖਣ ਵਾਲੀ ਥਾਂ ਉਤੇ ਇੱਕ ਠੰਢਾ ਅਤੇ ਗਿੱਲਾ ਕੱਪੜਾ ਰੱਖਣ ਨਾਲ ਦਰਦ ਵਿੱਚ ਰਾਹਤ ਮਿਲ ਸਕਦੀ ਹੈ। ਦਰਦ ਲਈ ਪੈਰਾਸੀਟਾਮੋਲ ਦਿੱਤੀ ਜਾ ਸਕਦੀ ਹੈ। ਪੀਣ ਲਈ ਵਾਧੂ ਤਰਲ ਪਦਾਰਥ ਦਿਓ।

ਜੇ ਤੁਹਾਡੇ ਬੱਚੇ ਨੂੰ ਰੀਐਕਸ਼ਨ ਹੋ ਜਾਂਦਾ ਹੈ ਜਾਂ ਜੇਕਰ ਤੁਹਾਨੂੰ ਚਿੰਤਾ ਹੋਵੇ ਤਾਂ ਕ੍ਰਿਪਾ ਕਰਕੇ ਆਪਣੇ ਸਥਾਨਕ ਡਾਕਟਰ ਨਾਲ ਸੰਪਰਕ ਕਰੋ।

Punjabi

# ਹੈਪਾਟਾਇਟਿਸ ਬੀ ਟੀਕਾਕਰਣ 2 ਖ਼ੁਰਾਕਾਂ ਦੀ ਅਨੁਸੂਚੀ ਦੀ ਪਹਿਲੀ ਖ਼ੁਰਾਕ ਲਈ ਮਨਜ਼ੂਰੀ

***Consent for Hepatitis B Vaccination First Dose of 2 Dose Course***

ਪਿਆਰੇ ਮਾਪਿਓ / ਸਰਪ੍ਰਸਤੋ,

ਵਿਸ਼ੇਸ਼ ਤੌਰ ਉਤੇ ਸਿਖਿਅਤ ਰਜਿਸਟ੍ਰਡ ਨਰਸਾਂ ਦੀ ਟੀਮ ਹੈਪਾਟਾਇਟਿਸ ਬੀ ਦੇ ਟੀਕਾਕਰਣ

ਲਈ ਤੁਹਾਡੇ ਬੱਚੇ ਦੇ ਸਕੂਲ ਪਹੁੰਚਣ ਗੀਆਂ ।

ਉਦੇਸ਼ ਦਿਤਾ ਜਾਂਦਾ ਹੈ ਕਿ **10** ਤੋਂ **13** ਸਾਲ ਦੇ ਦਰਮਿਆਨ ਦੇ ਬੱਚਿਆਂ ਨੂੰ ਹੈਪਾਟਾਇਟਿਸ ਬੀ ਵੈਕਸੀਨ ਦੀ ਖ਼ੁਰਾਕ ਦਿਤੀ ਜਾਵੇ ਜੇ ਉਨ੍ਹਾਂ ਨੇ ਪਹਿਲਾਂ ਇਹ ਖ਼ੁਰਾਕ ਨਾ ਲਈ ਹੋਵੇ ।

ਟੀਕਾਕਰਣ ਕਲਿਨਿਕ ਵਾਲੇ ਦਿਨ ਨਰਸਾਂ ਤੁਹਾਡੇ ਬੱਚੇ ਦਾ ਨਿਰੀਖਣ ਕਰਨਗੀਆਂ । ਜਿਹੜੇ ਬੱਚਿਆਂ ਨੂੰ ਬੁਖਾਰ ਨਾਲ ਕੋਈ ਸਖਤ ਬਿਮਾਰੀ ਹੋਵੇ ਉਨ੍ਹਾਂ ਦਾ ਟੀਕਾਕਰਣ ਨਹੀਂ ਕੀਤਾ ਜਾਵੇਗਾ ।

ਹੈਪਾਟਾਇਟਿਸ ਬੀ ਟੀਕਾਕਰਣ ਜਾਂ ਇਹ ਫਾਰਮ ਭਰਨ ਬਾਰੇ ਜੇ ਤੁਹਾਡੇ ਮਨ ਵਿੱਚ ਕੋਈ ਸੁਆਲ ਹੋਣ ਤਾਂ ਕ੍ਰਿਪਾ ਕਰਕੇ ਆਪਣੀ ਸਥਾਨਕ ਜਨ ਸਿਹਤ ਇਕਾਈ (ਜੋ 'ਮਾਪਿਆਂ ਲਈ ਜਾਣਕਾਰੀ ਸੁਆਲ ਅਤੇ ਜੁਆਬ ਕਿੱਟ' **(Q&A)** ਦੇ ਵਿਚ ਸੂਚੀਬੱਧ ਕੀਤੀਆਂ ਗਈਆਂ ਹਨ) ਨਾਲ ਸੰਪਰਕ ਕਰੋ ।

## ਨਿਰਦੇਸ਼ :

ਕ੍ਰਿਪਾ ਕਰਕੇ ਇਸ ਫਾਰਮ ਦੇ ਸਾਰੇ ਸੈਕਸ਼ਨ ਪੂਰੀ ਤਰ੍ਹਾਂ ਨੀਲੇ/ਕਾਲੇ ਪੈਨ ਨਾਲ ਭਰੋ।

ਇਸ ਫਾਰਮ ਦੀਆਂ ਫੋਟੋਕਾਪੀਆਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ।

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਦਾ ਟੀਕਾਕਰਣ ਕੀਤਾ ਜਾਵੇ ਤਾਂ ਇਸ ਫਾਰਮ ਦੇ ਸਾਰੇ ਸੈਕਸ਼ਨ ਪੂਰੀ ਤਰ੍ਹਾਂ ਭਰ ਕੇ ਇੱਕ ਹਫ਼ਤੇ ਦੇ ਅੰਦਰ ਸਕੂਲ ਨੂੰ ਵਾਪਸ ਭੇਜ ਦਿਓ।

ਜੇ ਤੁਸੀਂ ਆਪਣੇ ਬੱਚੇ ਦਾ ਟੀਕਾਕਰਣ ਕਰਵਾਉਣ ਦੇ ਇੱਛੁਕ ਨਹੀਂ ਹੋ ਤਾਂ ਇਹ ਫਾਰਮ ਵਾਪਸ ਨਾ ਭੇਜੋ।

IMMUNISE AUSTRALIA PROGRAM
An Australian, State and Territory Governments initiative

NSW HEALTH

February 2006

# ਹੈਪਾਟਾਇਟਿਸ ਬੀ ਟੀਕਾਕਰਣ ਲਈ ਮਨਜ਼ੂਰੀ

***Hepatitis B Vaccination Consent Form***

## ਮਾਪਿਆਂ/ਸਰਪ੍ਰਸਤਾਂ ਨੇ ਭਰਨਾ ਹੈ

| | | | |
|---|---|---|---|
| ਬੱਚੇ ਦਾ ਸਰਨੇਮ | | | |
| ਬੱਚੇ ਦਾ ਦਿੱਤਾ ਗਿਆ ਨਾਮ | | ਜਨਮ ਮਿਤੀ | |
| ਸਕੂਲ ਦਾ ਨਾਮ | | | |
| ਸਾਲ/ਗ੍ਰੇਡ/ਸ਼੍ਰੇਣੀ | | | |

ਹੈਪੇਟਾਇਟਿਸ ਬੀ ਵੈਕਸੀਨ ਦੇ ਲਾਭਾਂ ਅਤੇ ਸੰਭਾਵੀ ਮਾੜੇ ਪ੍ਰਭਾਵਾਂ (**side effects**) ਬਾਰੇ ਦਿੱਤੀ ਗਈ ਜਾਣਕਾਰੀ ਨੂੰ ਮੈਂ ਪੜ੍ਹ ਅਤੇ ਸਮਝ ਲਿਆ ਹੈ ਅਤੇ ਮੈਂ ਇਸ ਦੁਆਰਾ, ਆਪਣੇ ਉਪਰ ਦੱਸੇ ਗਏ ਨਾਮ ਵਾਲੇ ਬੱਚੇ ਦੇ ਟੀਕਾਕਰਣ ਦੀ ਮਨਜ਼ੂਰੀ ਦਿੰਦਾ ਹਾਂ।

ਮੈਂ ਘੋਸ਼ਣਾ ਕਰਦਾ ਹਾਂ ਕਿ ਮੇਰੇ ਪੁੱਤਰ/ਧੀ/ਆਸ਼੍ਰਿਤ ਨੂੰ

(ੳ) ਕਿਸੇ ਵੈਕਸੀਨ ਮਗਰੋਂ ਕਦੇ ਐਨਾਫ਼ਿਲੈਕਟਿਕ ਰੀਐਕਸ਼ਨ ਨਹੀਂ ਹੋਇਆ ਹੈ

(ਅ) ਖਮੀਰ ਜਾਂ ਹੈਪੇਟਾਇਟਿਸ ਬੀ ਵੈਕਸੀਨ ਦੇ ਅੰਸ਼ਾਂ (ਜੋ ਕਿ 'ਮਾਪਿਆਂ ਲਈ ਜਾਣਕਾਰੀ ਕਿਟ' ਦੇ ਕਿਊ ਅਤੇ ਏ ਵਿੱਚ ਸੂਚੀਬੱਧ ਕੀਤੇ ਗਏ ਹਨ) ਪ੍ਰਤੀ ਐਨਾਫ਼ਿਲੈਕਟਿਕ ਤੌਰ ਉਤੇ ਸੰਵੇਦਨਸ਼ੀਲ ਨਹੀਂ ਹੈ।

(ੲ) ਗਰਭ ਨਹੀਂ ਠਹਿਰਿਆ ਹੈ।

| | | | |
|---|---|---|---|
| ਮਾਪੇ/ਸਰਪ੍ਰਸਤ ਦਾ ਨਾਮ | | | |
| ਮਾਪੇ/ਸਰਪ੍ਰਸਤ ਦੇ ਹਸਤਾਖਰ | | | |
| ਘਰ ਦਾ ਪਤਾ | | | |
| ਸਬਅਰਬ | | ਪਅਸਟਕੋਡ | |
| ਫ਼ੋਨ ਘਰ | | ਕੰਮ | |
| ਮੋਬਾਇਲ | | ਮਿਤੀ | |

<u>ਕੇਵਲ ਦਫ਼ਤਰੀ ਵਰਤੋਂ ਲਈ</u> - ਨਰਸ ਨੇ ਭਰਨਾ ਹੈ ਅਤੇ ਇਸ ਸੈਕਸ਼ਨ ਨੂੰ ਸੰਭਾਲ ਕੇ ਰੱਖੋ

| | | | |
|---|---|---|---|
| ਹਸਤਾਖਰ | | **ਮੋਹਰ** | |
| ਬੈਚ ਨੰਬਰ | | | |
| ਖੱਬੀ ਬਾਂਹ | | ਸੱਜੀ ਬਾਂਹ | |

ਕੇਵਲ ਨਮੂਨਾ
ਕਿਰਪਾ ਕਰਕੇ ਇੱਕ ਅੰਗਰੇਜ਼ੀ ਮਨਜ਼ੂਰੀ ਫਾਰਮ ਭਰੋ

# ਹੈਪਾਟਾਇਟਿਸ ਬੀ ਟੀਕਾਕਰਣ ਦਾ ਰਕਾਡ

***Hepatitis B Record of Vaccination***

## ਮਾਪਿਆਂ/ਸਰਪ੍ਰਸਤਾਂ ਨੇ ਭਰਨਾ ਹੈ

| | |
|---|---|
| ਬੱਚੇ ਦਾ ਸਰਨੇਮ | |
| ਬੱਚੇ ਦਾ ਦਿੱਤਾ ਗਿਆ ਨਾਮ | |
| ਸਕੂਲ ਦਾ ਨਾਮ | |

## <u>ਕੇਵਲ ਦਫ਼ਤਰੀ ਵਰਤੋਂ ਲਈ</u>

| | | | |
|---|---|---|---|
| ਖੱਬੀ ਬਾਂਹ | | ਸੱਜੀ ਬਾਂਹ | |
| ਵੈਕਸੀਨ ਬੈਚ ਨੰਬਰ | | | |
| NSW ਸਿਹਤ/ਮਿਤੀ ਮੋਹਰ | | | |
| ਨਰਸ ਦੇ ਹਸਤਾਖਰ | | | |

## <u>ਨਿਰਦੇਸ਼ :</u>

ਕ੍ਰਿਪਾ ਕਰਕੇ ਇਸ ਵੈਕਸੀਨੇਸ਼ਨ ਦਾ ਰਿਕਾਰਡ ਰੱਖੋ ਕਿਉਂਕਿ ਇਸ ਜਾਣਕਾਰੀ ਦੀ ਬਾਅਦ 'ਚ ਲੋੜ ਪੈ ਸਕਦੀ ਹੈ।

ਆਪਣੇ ਜੀ ਪੀ ਨੂੰ ਇਸ ਵੈਕਸੀਨ ਦੀ ਮਿਤੀ ਦੱਸੋ ਤਾਂ ਜੋ ਤੁਹਾਡੇ ਬੱਚੇ ਦਾ ਰਿਕਾਰਡ ਠੀਕ ਢੰਗ ਨਾਲ ਅਪ-ਟੂ-ਡੇਟ ਰੱਖਿਆ ਜਾ ਸਕੇ।